# ਮਸੀਹ ਦੀ ਵਡਿਆਈ ਲਈ ਨਵੀਂ ਬੰਦਗੀ

ਇੱਕੋ ਦਿਨ 'ਚ ਹਜ਼ਾਰਾਂ ਯਹੂਦੀਆਂ ਦੀ ਬੰਦਗੀ ਦਾ ਤਰੀਕਾ ਬਦਲ ਗਿਆ! ਕਿਉਂਕਿ ਪੈਂਟੀਕਾਸਟ ਵਾਲੇ ਦਿਨ ਪਤਰਸ ਤੋਂ ਇੰਜੀਲ ਸੁਣਨ ਦੇ ਬਾਅਦ ਘੱਟੋ-ਘੱਟ ਤਿੰਨ ਹਜ਼ਾਰ ਲੋਕਾਂ ਦਾ ਧਾਰਮਿਕ ਜੀਵਨ ਇਕਦਮ ਬਦਲ ਗਿਆ ਸੀ।

ਜ਼ਿੰਦਗੀ ਭਰ ਮੂਸਾ ਦੀ ਸ਼ਰ੍ਹਾ ਦੀਆਂ ਗੱਲਾਂ ਮੰਨਣ ਦੇ ਬਾਅਦ, ਰਸੂਲਾਂ ਦੇ ਕੰਮ 2 ਅਧਿਆਇ ਵਿਚ ਮਸੀਹੀ ਬਣਨ ਵਾਲੇ ਯਹੂਦੀਆਂ 'ਚ ਇਕ ਹੈਰਾਨੀਜਨਕ ਤਬਦੀਲੀ ਆਈ। ਅਚਾਨਕ ਹੀ ਹਜ਼ਾਰਾਂ ਲੋਕ ਖ਼ੁਦਾ ਦੀ ਬੰਦਗੀ ਉਸ ਤਰੀਕੇ ਨਾਲ ਕਰਨ ਲੱਗੇ ਸਨ ਜਿਵੇਂ ਉਨ੍ਹਾਂ ਨੇ ਨਾ ਵੇਖਿਆ ਅਤੇ ਨਾ ਕਦੇ ਸੁਣਿਆ ਸੀ। ਉਨ੍ਹਾਂ ਦੀਆਂ ਜ਼ਿੰਦਗੀਆਂ 'ਚੋਂ ਪੁਰਾਣੇ ਨੇਮ ਦੀਆਂ ਜਾਣੀਆਂ-ਪਛਾਣੀਆਂ ਗੱਲਾਂ ਇਕਦਮ ਨਿੱਕਲ ਗਈਆਂ ਸਨ। ਕੋਈ ਖ਼ਾਸ ਗੱਲ ਹੋਈ ਸੀ ਭਾਵ ਸ਼ਰ੍ਹਾ ਨੂੰ ਬੁਰੀ ਤਰ੍ਹਾਂ ਨਾਲ ਹਿਲਾ ਦੇਣ ਵਾਲੀ ਘਟਨਾ ਵਾਪਰੀ ਸੀ। ਯਿਸੂ ਦੇ ਸਲੀਬ ਚੜ੍ਹਾਏ ਜਾਣ ਦੀ ਉਹੀ ਗੱਲ ਹੋਈ ਸੀ ਜਿਹਦੀ ਉਹ ਲੋਕ ਆਸ ਕਰ ਰਹੇ ਸਨ। ਇਸ ਤਰ੍ਹਾਂ ਦੀ ਨਵੀਂ ਬੰਦਗੀ ਲਈ ਹਦਾਇਤ ਸਿਰਫ਼ ਖ਼ੁਦਾ ਵੱਲੋਂ ਹੀ ਮਿਲ ਸਕਦੀ ਸੀ।

## ਇਕ ਨਵੀਂ ਬੰਦਗੀ ਵਿਖਾਈ ਗਈ

ਮਸੀਹ ਵਿਚ ਆਪਣੀ ਮਨਬਦਲੀ ਦੇ ਬਾਅਦ; ਇਨ੍ਹਾਂ ਮਸੀਹੀ ਲੋਕਾਂ ਨੇ ਬੰਦਗੀ ਕਰਨ ਅਤੇ ਨਵੇਂ ਜੀਵਨ ਵਿਚ ਚੱਲਣ ਦਾ ਨਵਾਂ ਢੰਗ ਕਬੂਲ ਕਰ ਲਿਆ ਸੀ। ''ਉਹ ਲਗਾਤਾਰ ਰਸੂਲਾਂ ਦੀ ਸਿੱਖਿਆ ਅਤੇ ਸੰਗਤ ਵਿਚ ਅਤੇ ਰੋਟੀ ਤੋੜਨ ਅਰ ਪ੍ਰਾਰਥਨਾ ਕਰਨ ਵਿਚ ਲੱਗੇ ਰਹੇ'' (ਰਸੂਲਾਂ ਦੇ ਕੰਮ 2:42)। ਪੈਂਟੀਕਾਸਟ ਦੇ ਇਸ ਦਿਨ ਤੋਂ ਪਹਿਲਾਂ ਲਿਖਤ ਵਿਚ ਪਹਿਲਾਂ ਕਦੇ ਵੀ ਇਹ ਪੜ੍ਹਨ ਨੂੰ ਨਹੀਂ ਮਿਲਦਾ ਕਿ ਯਿਸੂ ਦੇ ਚੇਲਿਆਂ ਨੇ ਅਜਿਹਾ ਵਿਹਾਰ ਕੀਤਾ ਹੋਵੇ। ਉਹ ਇਨ੍ਹਾ ਗੱਲਾਂ 'ਚ ਓਨੇ ਹੀ ''ਪੱਕੇ'' ਸਨ ਜਿੰਨੇ ਉਹ ਸ਼ਰ੍ਹਾ ਦੇ ਵਫ਼ਦਾਰ ਸਨ।

ਲੂਕਾ ਨੇ ਪੈਂਟੀਕਾਸਟ ਦੇ ਇਸ ਦਿਨ ਤੋਂ ਸ਼ੁਰੂ ਹੋਣ ਵਾਲੇ ਚਾਰ ਕਾਰਜਾਂ ਦਾ ਜ਼ਿਕਰ ਕੀਤਾ। ਪਹਿਲਾ, ਮਸੀਹੀ ਲੋਕ ਸ਼ਰ੍ਹਾ ਦੀਆਂ ਸਿੱਖਿਆਵਾਂ ਮੰਨਣ ਦੀ ਬਜਾਏ ਰਸੂਲਾਂ ਦੀ ਸਿੱਖਿਆ ਭਾਵ ''ਰਸੂਲਾਂ ਦੀ ਡਾਕਟਰਿਨ'' ਨੂੰ ਮੰਨਣ ਲੱਗੇ। ਉਹ ਰਸੂਲਾਂ ਦੀ ਸਿੱਖਿਆ ਮੁਤਾਬਕ ਹੀ ਜ਼ਿੰਦਗੀ ਬਿਤਾਉਣ ਲੱਗੇ ਭਾਵੇਂ ਇਹ ਸ਼ਰ੍ਹਾ ਦੀਆਂ ਗੱਲਾਂ ਨਾਲ ਮੇਲ ਖਾਂਦੀ ਹੋਵੇ ਤੇ ਭਾਵੇਂ ਨਾ। ਇੱਥੋਂ ਤਕ ਕਿ ਬਹੁਤ ਸਾਰੀ ਸਿੱਖਿਆ ਦੇਣ ਲਈ ਉਹ ਹੈਕਲ ਦੇ ਆਮ ਕਮਰਿਆਂ ਦੀ ਵਰਤੋਂ ਵੀ ਕਰਨ ਲੱਗੇ ਸਨ (ਰਸੂਲਾ ਦੇ ਕੰਮ 2:46)।

ਦੂਜਾ, ਉਹ ਸ਼ਰ੍ਹਾ ਦੇ ਦਸੌਂਧਾਂ ਵਿਚ ਲੱਗੇ ਰਹਿਣ ਦੀ ਬਜਾਏ ''ਸੰਗਤੀ'' (*koinonia*)

ਵਿਚ ਬਣੇ ਰਹੇ। ਨਵੇਂ ਨੇਮ ਵਿਚ ''ਸੰਗਤੀ'' ਸ਼ਬਦ ਦੇ ਕਈ ਅਰਥ ਹੋ ਸਕਦੇ ਹਨ, ਪਰ ਸੰਦਰਭ ਵਿਚ ਇਹ ਸਾਫ਼ ਤੌਰ 'ਤੇ ਜ਼ਿੰਦਗੀ ਦੀਆਂ ਲੋੜਾਂ ਵਿਚ ਸਾਂਝ ਕਰਨਾ ਹੈ। ਨਵੇਂ ਬਣੇ ਮਸੀਹੀ ਯਰੂਸ਼ਲਮ ਵਿਚ ਇਸ ਦੌਰਾਨ ਕਿਸੇ ਵੀ ਲੋੜਵੰਦ ਦੀ ਲੋੜ ਪੂਰੀ ਕਰਨ ਲਈ ਆਪਣੀ ਜਾਇਦਾਦ ਅਤੇ ਜ਼ਮੀਨ ਤਕ ਵੇਚਣ ਲੱਗੇ ਸਨ (ਰਸੂਲਾਂ ਦੇ ਕੰਮ 2:45)। ਥੋੜ੍ਹੀ ਦੇਰ ਬਾਅਦ, ਜ਼ਿਆਦਾਤਰ ਯਹੂਦੀ ਮੁਸਾਫ਼ਰਾਂ ਨੇ ਆਪਣੇ ਘਰੀਂ ਪਰਤ ਜਾਣਾ ਸੀ; ਪਰ ਉਹ ਸਭ ਮਸੀਹ ਅਤੇ ਖ਼ੁਦਾ ਦੇ ਬੇਟੇ ਦੇ ਆਪਣੇ ਰਾਜ ਵਿਚ ਨਵੀਂ ਗੱਦੀ ਬਾਰੇ ਜਾਣਨ ਲਈ ਬੜੇ ਰੋਮਾਂਚਿਤ ਅਤੇ ਉਤਾਵਲੇ ਸਨ।

ਤੀਜਾ, ਯਹੂਦੀਆਂ ਵਿੱਚੋਂ ਬਣੇ ਨਵੇਂ ਮਸੀਹੀ ਇਕੱਠੇ ''ਰੋਟੀ ਤੋੜਨ'' ਲੱਗੇ, ਦੂਜੇ ਸੰਦਰਭਾਂ ਵਿਚ ਇਸੇ ਵਾਕਾਂਸ਼ ਦਾ ਅਰਥ ਆਮ ਖਾਣਾ ਹੋ ਸਕਦਾ ਹੈ ਅਤੇ ਹੈ ਵੀ (ਰਸੂਲਾਂ ਦੇ ਕੰਮ 2:46), ਪਰ ਇੱਥੇ ਉਹ ਰਸੂਲਾਂ ਦੀ ਸਿੱਖਿਆ ਨੂੰ ਮੰਨਣ ਕਰਕੇ ਬੰਦਗੀ ਦੇ ਇਕ ਕਾਰਜ ਦੇ ਰੂਪ ਵਿਚ ਰੋਟੀ ਤੋੜਦੇ ਸਨ। ਇਹ ਗੱਲ ਤਾਂ ਉਨ੍ਹਾਂ ਲਈ ਨਵੀਂ ਸੀ, ਪਰ ਆਮ ਭੋਜਨ ਵਿਚ ਰੋਟੀ ਤੋੜਨ 'ਚ ਕੁਝ ਵੀ ਨਵਾਂ ਨਹੀਂ ਸੀ। ਰਸੂਲਾਂ ਦੇ ਕੰਮ 2:42 ਵਿਚ ਵੀ ਇਸ ਕਾਰਜ ਦਾ ਜ਼ਿਕਰ ਹੈ, ਜਿੱਥੇ ਬੰਦਗੀ ਦੇ ਤਿੰਨ ਹੋਰ ਕਾਰਜ ਵੀ ਦਿੱਤੇ ਗਏ ਹਨ। ਜੋ ਖਾਣਾ ਉਹ ਮਿਲ ਕੇ ਲੈਂਦੇ ਰਹੇ, ਉਹ ਪ੍ਰਭੂ ਭੋਜ ਸੀ (1 ਕੁਰਿੰਥੀਆਂ 11:20-28)।

ਚੌਥਾ, ਨਵੇਂ ਮਸੀਹੀ ਲੋਕਾਂ ਦੀਆ ਦੁਆਵਾਂ ਉਸ ਸ਼ਖ਼ਸ ਭਾਵ ਯਿਸੂ ਮਸੀਹ ਦੇ ਨਾਂਅ 'ਚ ਸਨ, ਜੋ ਸਲੀਬ ਤੇ ਮਾਰਿਆ ਗਿਆ ਸੀ (1 ਥੱਸਲੁਨੀਕੀਆਂ 5:17, 18)। ਉਸ ਨੂੰ ਪ੍ਰਭੂ ਅਤੇ ਮਸੀਹ (ਰਸੂਲਾਂ ਦੇ ਕੰਮ 2:36) ਅਤੇ ਉਨ੍ਹਾਂ ਦੇ ਵਿਚੋਲੇ ਦੇ ਰੂਪ ਵਿਚ ਮੰਨਿਆਂ ਜਾਂਦਾ ਸੀ (1 ਤਿਮੋਥਿਉਸ 2:5)। ਉਨ੍ਹਾਂ ਦੇ ਦੇਸ਼ ਦੇ ਪੰਦਰਾਂ ਸੌ ਸਾਲ ਦੇ ਇਤਿਹਾਸ ਵਿਚ ਇਸ ਤੋਂ ਪਹਿਲਾਂ ਅਬਰਾਹਾਮ ਦੇ ਵੰਸ਼ਜਾਂ ਨੇ ਮਸੀਹ ਯਿਸੂ ਦੇ ਨਾਂਅ 'ਚ ਕਦੇ ਦੁਆ ਨਹੀਂ ਕੀਤੀ ਸੀ।

ਇਸ ਸੰਦਰਭ ਵਿਚ ਬੰਦਗੀ ਦੇ ਜਿਸ ਕਾਰਜ ਦਾ ਜ਼ਿਕਰ ਨਹੀਂ ਹੈ ਉਹ ਸੰਗੀਤਭਰੀ ਬੰਦਗੀ ਹੈ ਜੋ ਯਿਸੂ ਰਾਹੀਂ ਖ਼ੁਦਾ ਦੀ ਵਡਿਆਈ ਦਾ ਇਕ ਹਿੱਸਾ ਬਣ ਗਈ। ਪੌਲੁਸ ਅਤੇ ਸੀਲਾਸ ਜਦ ਜੇਲ੍ਹ ਵਿਚ ਸਨ ਤਾਂ ਖ਼ੁਦਾ ਦੀ ਵਡਿਆਈ ਗਾ ਰਹੇ ਸਨ (ਰਸੂਲਾਂ ਦੇ ਕੰਮ 16:25)। ਰਸੂਲਾਂ ਵੱਲੋਂ ਦਿੱਤੀਆਂ ਬੰਦਗੀ ਦੀਆਂ ਹਦਾਇਤਾਂ ਵਿਚ ਸੰਗੀਤ ਵੀ ਸ਼ਾਮਿਲ ਸੀ। ਜਦ ਪੌਲੁਸ ਕੁਰਿੰਥਿਉਸ ਦੀਆਂ ਮੰਡਲੀਆਂ ਦੀਆ ਬੁਰਾਈਆ ਅਤੇ ਕੁਰੀਤੀਆਂ ਨੂੰ ਸੁਧਾਰ ਰਿਹਾ ਸੀ ਤਾਂ ਉਹਨੇ ਦੁਆ ਅਤੇ ਗੀਤਾਂ ਦੀ ਵਰਤੋਂ ਕਰਕੇ ਨਮੂਨੇ ਦੇ ਤੌਰ 'ਤੇ ਵਿਖਾਉਣ ਲਈ ਕਿਹਾ ਤਾਂ ਜੋ ਬੰਦਗੀ ਦੀਆਂ ਸਭ ਗੱਲਾਂ ਸਭ ਦੀ ਭਲਾਈ ਲਈ ਹੋਣ ਅਤੇ ਸਭ ਲੋਕ ਉਨ੍ਹਾਂ ਨੂੰ ਸਮਝ ਸਕਣ (1 ਕੁਰਿੰਥੀਆਂ 14:15)। ਨਵੇਂ ਨੇਮ ਦੇ ਮਸੀਹੀ ਲੋਕਾਂ ਦੀ ਬੰਦਗੀ ਵਿਚ ਗਾਉਣਾ ਕੈਪੇਲਾ (ਕਲੀਸੀਆਈ ਤੌਰ 'ਤੇ ਗਾਉਣ ਦਾ ਢੰਗ) ਸੀ।

## ਨਵੀਂ ਬੰਦਗੀ ਦੀ ਵਿਆਖਿਆ

### ਰਸੂਲਾਂ ਦੀ ਸਿੱਖਿਆ

ਰਸੂਲਾਂ ਦੀ ਸਿੱਖਿਆ (ਰਸੂਲਾਂ ਦੇ ਕੰਮ 2:42) ਸ਼ਰ੍ਹਾ ਤੋਂ ਉੱਪਰ ਸੀ। ਯਿਸੂ ਨੇ ਦਾਅਵਾ

ਕੀਤਾ ਕਿ ਉਹਦੇ ਬਾਰੇ ਕੀਤੀਆਂ ਸਭ ਨਬੂਵਤਾਂ ਹਕੀਕਤ ਬਣ ਚੁੱਕੀਆਂ ਸਨ, ਇਸ ਕਰਕੇ ਸ਼ਰ੍ਹਾ ਅਤੇ ਨਬੀ ਹੁਣ ਪ੍ਰਭਾਵੀ ਨਹੀਂ ਰਹੇ ਸਨ (ਲੂਕਾ 24:44)। ਰਸੂਲਾਂ ਨੂੰ ਇਕ ਨਵਾਂ ਅਤੇ ਆਖ਼ਰੀ ਮੁਕਾਸ਼ਫ਼ਾ ਮਿਲਣਾ ਸੀ, ਜਿਸ ਨੂੰ ਆਮ ਲੋਕ ਵੀ ਪੜ੍ਹ ਅਤੇ ਸਮਝ ਸਕਦੇ ਸਨ (ਅਫ਼ਸੀਆਂ 3:3-5)। ਇਹ ਮੁਕਾਸ਼ਫ਼ਾ ਖ਼ੁਦਾ ਵੱਲੋਂ ਸੀ ਅਤੇ ਇਹਨੇ ਕਦੇ ਵੀ ਕਿਸੇ ਹੋਰ ਖ਼ੁਸ਼ਖ਼ਬਰੀ ਵਿਚ ਨਹੀਂ ਬਦਲਣਾ ਸੀ (ਗਲਾਤੀਆਂ 1:6-9)। ਇਹ ਸਵਰਗ ਵੱਲੋਂ ਆਖ਼ਰੀ ਸੰਦੇਸ਼ ਸੀ ਅਤੇ ਮੁਕਤੀ ਦੀ ਭਾਲ ਕਰਨ ਵਾਲਿਆਂ ਨੂੰ ''ਇੱਕੋ ਵਾਰ'' ਦਿੱਤਾ ਗਿਆ ਸੀ (ਯਹੂਦਾ 3)।

ਉਹ ਬਾਰਾਂ (ਅਤੇ ਬਾਅਦ 'ਚ ਪੌਲੁਸ ਵੀ) ਮਸੀਹ ਦੇ ਇਖ਼ਤਿਆਰ ਨਾਲ ਬੋਲਦੇ ਸਨ, ਕਿਉਂਕਿ ਉਨ੍ਹਾਂ ਨੂੰ ਆਤਮਾ ਦੀ ਪ੍ਰੇਰਣਾ ਮਿਲੀ ਹੋਈ ਸੀ (ਯੂਹੰਨਾ 14:25, 26; 15:26; 16:7, 8)। ''ਆਤਮਾ ਦੀ ਪ੍ਰੇਰਣਾ'' ਕਿਸੇ ਖਾਸ ਅਤੇ ਆਮ ਮਨੁੱਖੀ ਕੋਸ਼ਿਸ਼ ਨੂੰ ਨਹੀਂ ਕਿਹਾ ਗਿਆ ਹੈ। ਸਗੋਂ ਇਹ ਬੁਲਾਰਿਆਂ ਅਤੇ ਲੇਖਕਾਂ 'ਤੇ ਖ਼ੁਦਾ ਦੇ ਆਤਮਾ ਦੇ ਕੰਮ ਕਰਨ ਨੂੰ ਕਿਹਾ ਗਿਆ ਹੈ। ਖ਼ੁਦਾ ਦੇ ਆਤਮਾ ਨੇ ਜੋ ਕੁਝ ਕਹਿਣਾ ਅਤੇ ਲਿਖਣਾ ਸੀ ਉਹਦੇ ਲਈ ਉਹਨੇ ਉਨ੍ਹਾਂ 'ਚ ਸਾਹ ਫੂਕ ਕੇ ਉਨ੍ਹਾਂ ਨੂੰ ਪ੍ਰੇਰਣਾ ਦਿੱਤੀ ਸੀ। ਇਹ ਹਕੀਕਤਾਂ ਬਾਅਦ 'ਚ ਖ਼ੁਦਾ ਦੇ ਸਾਹ ਨਾਲ ਰਸੂਲਾਂ ਅਤੇ ਨਵੇਂ ਨੇਮ ਦੀਆਂ ਕਿਤਾਬਾਂ ਦੇ ਹੋਰ ਲੇਖਕਾਂ ਦੇ ਸਾਹ ਵਿਚ ਪਾਈਆਂ ਗਈਆਂ। ਇਸੇ ਕਰਕੇ ਹਰ ਲਿਖਤ ''ਖ਼ੁਦਾ ਦੇ ਆਤਮਾ ਤੋਂ ਹੈ'' (2 ਤਿਮੋਥਿਉਸ 3:16, 17)। ਰਸੂਲਾਂ ਦੀਆਂ ਇਨ੍ਹਾਂ ਸਿੱਖਿਆਵਾਂ ਪਿੱਛੇ ਕੋਈ ਸੁਭਾਵਿਕ ਨਹੀਂ ਸਗੋਂ ਖ਼ੁਦਾਈ ਇਖ਼ਤਿਆਰ ਸੀ (1 ਕੁਰਿੰਥੀਆਂ 2:13)।

ਨਵੀਆਂ ਹਕੀਕਤਾਂ ਅਤੇ ਲਿਖਤ ਦੀ ਇਹ ਸਮਝ ਸ਼ਰ੍ਹਾ ਦੇ ਸਹੀ ਅਤੇ ਯੋਗ ਮਕਸਦ ਨੂੰ ਵਿਖਾਉਂਦੀ ਹੈ: ਇਸਰਾਏਲ ਕੌਮ ਨੂੰ ਖ਼ੁਦਾ ਤਕ ਲਿਆਉਣ ਲਈ ''ਸਕੂਲ ਮਾਸਟਰ'' ਜਾਂ ''ਉਸਤਾਦ'' ਸੀ (ਗਲਾਤੀਆਂ 3:23-25)। ਹੁਣ ਮਸੀਹ ਦੇ ਆਉਣ ਨਾਲ ਉਹ ''ਵਿਸ਼ਵਾਸ'' ਵੀ ਜ਼ਾਹਿਰ ਹੋ ਕੇ ਮੁਕੰਮਲ ਹੋ ਗਿਆ ਸੀ ਅਤੇ ਮੂਸਾ ਦੀ ਸ਼ਰ੍ਹਾ ਵੀ ਪ੍ਰਭਾਵੀ ਨਹੀਂ ਰਹੀ ਸੀ। ਉਹਨੇ ਆਪਣਾ ਮਕਸਦ ਪੂਰਾ ਕਰ ਲਿਆ ਸੀ। ਛੁਟਕਾਰੇ ਦੀ ਖ਼ੁਦਾ ਦੀ ਯੋਜਨਾ ਵਿਚ ਇਹ ਅਹਿਮ ਥਾਂ ਸੀ, ਕਿਉਂਕਿ ਇਹ ਯਹੂਦੀਆਂ ਨੂੰ ਯਿਸੂ ਦੇ ਮਸੀਹ ਹੋਣ ਤਕ ਲਿਆਉਂਦੀ ਸੀ। ਰਸੂਲਾਂ ਵੱਲੋਂ ਦਿੱਤੀਆਂ ਨਵੀਆਂ ਸਿੱਖਿਆਵਾਂ ਖ਼ੁਦਾ ਦੀ ਬੰਦਗੀ ਕਰਨ ਵਾਲਿਆ ਨੂੰ ਉਸ ਸਮੇਂ ਦੇ ਬਾਅਦ ਇੱਜ਼ਤ ਅਤੇ ਉਨ੍ਹਾਂ ਨੂੰ ਮੰਨਣ ਲਈ ਦਿੱਤੀਆਂ ਗਈਆਂ।

''ਰਸੂਲਾਂ ਦੀ ਸਿੱਖਿਆ'' ਵਿਚ ਇਕ ਦਿਲਚਸਪ ਵਿਆਕਰਣੀ ਬਣਤਰ ਹੈ। ਇਹ 2 ਯੂਹੰਨਾ 9, 10 'ਚ ਸੰਗੀਤ ਦੇ ਵਿਸ਼ੇ ਦੇ ਇਕ ਬੜੀ ਹੀ ਝਗੜੇ ਭਰੀਆਂ ਆਇਤਾਂ ਵਾਂਗ ਹੈ:

> ਹਰ ਕੋਈ ਜਿਹੜਾ ਆਗੂ ਬਣ ਕੇ ਮਸੀਹ ਦੀ ਸਿੱਖਿਆ ਉੱਤੇ ਕਾਇਮ ਨਹੀਂ ਰਹਿੰਦਾ ਪਰਮੇਸ਼ੁਰ ਉਹ ਦੇ ਕੋਲ ਨਹੀਂ ਹੈ। ਜਿਹੜਾ ਓਸ ਸਿੱਖਿਆ ਉੱਤੇ ਕਾਇਮ ਰਹਿੰਦਾ ਹੈ ਉਹ ਦੇ ਕੋਲ ਪਿਤਾ ਅਤੇ ਪੁੱਤਰ ਵੀ ਹਨ। ਜੇ ਕੋਈ ਤੁਹਾਡੇ ਕੋਲ ਆਵੇ ਅਤੇ ਇਹ ਸਿੱਖਿਆ ਨਾ ਲਿਆਵੇ ਤਾਂ ਉਸ ਨੂੰ ਘਰ ਵਿਚ ਨਾ ਉਤਾਰੋ, ਨਾ ਉਸ ਦੀ ਸੁੱਖ ਮਨਾਓ।

ਇੱਥੇ ਹੀ ''ਮਸੀਹ ਦੀ ਸਿਖਿਆ'' ਵਾਕਾਂਸ ਮਿਲਦਾ ਹੈ। ਯੂਨਾਨੀ ਭਾਸ਼ਾਈ ਬਣਤਰ 'ਚ ਦੋਹਾਂ ਦਾ ਅਰਥ ਇੱਕੋ ਹੈ। ''ਮਸੀਹ ਦੀ ਸਿੱਖਿਆ'' ਬਾਰੇ ਝਗੜਾ ਕਰਨ ਵਾਲਿਆਂ ਨੂੰ ਇਹ ਸਮਝ

ਹੈ ਕਿ ਇਹਦਾ ਮਤਲਬ ਜਾਂ ਤਾਂ *ਮਸੀਹ ਬਾਰੇ ਦਿੱਤੀਆਂ ਜਾਣ ਵਾਲੀਆਂ ਸਿੱਖਿਆਵਾਂ* ਜਾਂ *ਉਹ ਸਿੱਖਿਆਵਾਂ ਜੋ ਮਸੀਹ ਨੇ ਦਿੱਤੀਆਂ* ਹੋ ਸਕਦਾ ਹੈ। ਜੇ ਇਹਦਾ ਅਰਥ ਮਸੀਹ ਬਾਰੇ ਦਿੱਤੀਆਂ ਜਾਣ ਵਾਲੀਆਂ ਸਿੱਖਿਆਵਾਂ ਹੀ ਹੈ, ਤਾਂ ਉਨ੍ਹਾਂ ਸਭ ਲੋਕਾਂ ਨਾਲ ਸੰਗਤੀ ਰੱਖੀ ਜਾਣੀ ਜ਼ਰੂਰੀ ਹੈ ਜੋ ਉਸ ਨੂੰ ਖ਼ੁਦਾ ਦਾ ਬੇਟਾ ਮੰਨਦੇ ਹਨ, ਭਾਵੇਂ ਉਹ ਕਿਸੇ ਵੀ ਡਿਨੋਮੀਨੇਸ਼ਨ 'ਚ ਹੋਣ ਜਾਂ ਬੰਦਗੀ ਦੇ ਕਿਸੇ ਵੀ ਢੰਗ ਨੂੰ ਮੰਨਦੇ ਹੋਣ।

ਦੂਜਾ, ਜੇ ਇਹਦਾ ਅਰਥ ਮਸੀਹ ਅਤੇ ਉਹਦੇ ਰਸੂਲਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਿੱਖਿਆਵਾਂ ਹਨ, ਤਾਂ ਸੰਗਤੀ ਸਿਰਫ਼ ਉਨ੍ਹਾਂ ਹੀ ਲੋਕਾਂ ਨਾਲ ਹੋਣੀ ਚਾਹੀਦੀ ਹੈ ਜੋ ਨਵੇਂ ਨੇਮ ਦੀਆਂ ਸਭ ਸਿੱਖਿਆਵਾਂ ਪ੍ਰਤੀ ਨਿਹਚਾਵਾਨ ਹੋਣ। ਇਸ ਨਾਲ ਇਕ ਪਾਸੇ ਤਾਂ ਯਿਸੂ ਨੂੰ ਮਸੀਹ ਮੰਨਣ ਵਾਲੇ ਕਿਸੇ ਵੀ ਬੰਦੇ ਨਾਲ ਖੁੱਲ੍ਹੀ ਸੰਗਤੀ ਹੋਵੇਗੀ; ਦੂਜੇ ਪਾਸੇ, ਰਸੂਲਾਂ ਦੀ ਪੂਰੀ ਸਿੱਖਿਆ ਪ੍ਰਤੀ ਨਿਹਚਾਵਾਨ ਲੋਕਾਂ 'ਚ ਇਕ ਸ਼ਾਨਦਾਰ ਸੰਗਤੀ ਵੀ ਹੋਵੇਗੀ।

ਇਨ੍ਹਾਂ ਆਇਤਾਂ ਦੀ ਵਿਆਕਰਣੀ ਬਣਤਰ ਇੱਕੋ ਜਿਹੀ ਹੋਣ ਕਰਕੇ ਰਸੂਲਾਂ ਦੇ ਕੰਮ 2:42 ਦਾ ਅਨੁਵਾਦ ''ਰਸੂਲਾਂ ਦੀ ਸਿੱਖਿਆ'' ਦੀ ਬਜਾਏ ''ਰਸੂਲਾਂ ਵਲੋਂ ਦਿੱਤੀ ਸਿੱਖਿਆ'' ਵੀ ਹੋ ਸਕਦਾ ਹੈ। ਇਸੇ ਤਰ੍ਹਾਂ, 2 ਯੂਹੰਨਾ 9 ਦਾ ਅਨੁਵਾਦ ''ਮਸੀਹ ਦੀ ਸਿੱਖਿਆ'' ਹੋ ਸਕਦਾ ਸੀ। ਫਿਰ, ਇਸ ਤੋਂ ਇਸ ਗੱਲ ਦਾ ਸਬੂਤ ਵੀ ਮਿਲ ਜਾਂਦਾ ਹੈ ਕਿ ਯੂਹੰਨਾ ਦੀ ਸਿਖਿਆ ਵਿਚ ਸੀਮਤ ਸੰਗਤੀ ਹੈ ਅਤੇ ਯਿਸੂ ਨੂੰ ਮਸੀਹ ਮੰਨਣ ਵਾਲੀ ਕਿਸੇ ਵੀ ਡਿਨੋਮੀਨੇਸ਼ਨ ਨਾਲ ਸੰਗਤੀ ਨਹੀਂ ਕੀਤੀ ਜਾ ਸਕਦੀ। ਜੋ ਲੋਕ ਪ੍ਰਭੂ ਵੱਲੋਂ ਬਣਾਈ ਸੰਗਤੀ ਦੀਆਂ ਰੇਖਾਵਾਂ ਤੋੜਨਾ ਚਾਹੁੰਦੇ ਹਨ ਉਨ੍ਹਾਂ ਲਈ 2 ਯੂਹੰਨਾ 9 ਦਾ ਸਹੀ ਅਰਥ ਦੱਸਣਾ ਔਖਾ ਹੈ।

### "ਸੰਗਤੀ"

ਸੰਗਤੀ, ਮਸੀਹ ਵਿਚ ਬਦਲਣ ਵਾਲੇ ਯਹੂਦੀਆਂ ਵੱਲੋਂ ਆਪਣੇ ਅੰਦਰ ਲਿਆਂਦੀ ਨਵੀਂ ਤਬਦੀਲੀ ਹੈ, ਜਿਨ੍ਹਾਂ ਨੇ ਆਪਣੀ ਜਾਇਦਾਦ ਬਾਰੇ ਅਤੇ ਲੋੜਵੰਦਾਂ ਦੀ ਮਦਦ ਕਰਨ ਬਾਰੇ ਆਪਣੇ ਵਿਚਾਰ ਬਦਲ ਲਏ ਸਨ। ਖੁੱਲ੍ਹੇ ਅਰਥ ਵਿਚ *ਕੋਇਨੋਨੀਆ* ਤੋਂ ਭਾਵ ਧਾਰਮਿਕ ਮੌਕਿਆਂ 'ਤੇ ਭਾਈਆਂ ਦੀ ਸਾਂਝੀ ਸੰਗਤੀ ਹੈ। ਹੋਰ ਸੰਦਰਭਾਂ ਵਿਚ ਇਹਦੀ ਵਰਤੋਂ ਉਸ ਸੰਗਤੀ ਲਈ ਕੀਤੀ ਜਾਂਦੀ ਹੈ ਜੋ ਮਸੀਹੀ ਲੋਕਾਂ ਦੀ ਪਿਤਾ ਪੁੱਤਰ ਅਤੇ ਪਵਿੱਤਰ ਆਤਮਾ ਨਾਲ ਹੈ (2 ਕਰਿੰਥੀਆਂ 13:14); ਉਹ ਸੰਗਤੀ ਜੋ ਮਸੀਹੀ ਲੋਕਾਂ ਦੀ ਆਪਸ 'ਚ ਹੈ (1 ਯੂਹੰਨਾ 1:7), ਅਤੇ ਉਹ ਸੰਗਤੀ ਜੋ ਮਸੀਹੀ ਲੋਕਾਂ ਦੀ ਪ੍ਰਭੂ ਭੋਜ ਵਿਚ ਸਲੀਬ ਦੇ ਪ੍ਰਭੂ ਦੀ ਦੇਹ ਅਤੇ ਲਹੂ ਨਾਲ ਹੈ (1 ਕੁਰਿੰਥੀਆਂ 10:16)।

*ਕੋਇਨੋਨੀਆ* ਸ਼ਬਦ ਦੀ ਵਰਤੋਂ ਸਪਸ਼ਟ ਤੌਰ ਤੇ ਦੂਜਿਆਂ ਨਾਲ ਆਪਣੀ ਦੁਨਿਆਵੀ ਜਾਇਦਾਦ ਵੰਡਣ ਲਈ ਵੀ ਕੀਤੀ ਜਾਂਦੀ ਹੈ (ਰੋਮੀਆਂ 15:26; 2 ਕੁਰਿੰਥੀਆਂ 9:13)। ਪੌਲੁਸ ਨੇ ਤਰਕ ਦਿੱਤਾ ਕਿ ਫ਼ਲਸਤੀਨੀਆਂ ਨੇ ਰੋਮ ਵਿਚ ਰਹਿਣ ਵਾਲਿਆਂ ਨੂੰ ਇਕ ਖੁਸ਼ਖਬਰੀ ਵੰਡੀ ਸੀ, ਇਸ ਕਰਕੇ ਬਦਲੇ 'ਚ ਰੋਮ ਦੇ ਮਸੀਹੀ ਲੋਕਾਂ ਨੂੰ ਵੀ ਫ਼ਲਸਤੀਨ ਦੇ ਲੋਕਾਂ ਨਾਲ ਆਪਣੀਆਂ ਦੁਨਿਆਵੀ ਚੀਜ਼ਾਂ ਲੋੜਵੰਦਾਂ ਦੀ ਮਦਦ ਲਈ ਵੰਡਣੀਆਂ ਚਾਹੀਦੀਆਂ ਹਨ। ਪੌਲੁਸ ਨੇ ਫ਼ਿੱਲਿੱਪੈ ਦੀ ਕਲੀਸੀਆ ਵਿਚ ਮਸੀਹੀ ਲੋਕਾਂ ਨੂੰ ਵੀ ਯਾਦ ਦੁਆਇਆ ਕਿ ਉਹ ਉਹਦੀਆਂ ਦੁਨਿਆਵੀ ਲੋੜਾਂ ਨੂੰ ਵੀ ਪੂਰਾ ਕਰਨ ਵਿਚ ਮਦਦ ਲਈ ਵਫ਼ਾਦਾਰ ਰਹੇ ਸਨ (ਫ਼ਿਲਿੱਪੀਆਂ 1:5; 4:14-16)।

ਰਸੂਲਾਂ ਦੇ ਕੰਮ 2 ਦੇ ਇਸ ਸੰਦਰਭ ਵਿਚ ''ਸੰਗਤੀ'' ਸ਼ਾਇਦ ਉੱਥੋਂ ਆਉਣ ਵਾਲੇ ਯਹੂਦੀਆਂ, ਇੰਜੀਲ ਨੂੰ ਨਵੇਂ-ਨਵੇਂ ਮੰਨਣ ਵਾਲਿਆਂ ਭਾਵ ਨਵੇਂ ਬਣੇ ਮਸੀਹੀ ਲੋਕਾਂ ਦੀਆਂ ਦੁਨਿਆਵੀ ਲੋੜਾਂ ਨੂੰ ਪੂਰਾ ਕਰਦਾ ਹੈ ਜੋ ਇੰਜੀਲ ਬਾਰੇ ਹੋਰ ਵਧੇਰੇ ਸਿਖਾਉਣ ਦੀ ਇੱਛਾ ਨਾਲ ਕਈ ਮਹੀਨਿਆਂ ਤਕ ਯਰੂਸ਼ਲਮ 'ਚ ਸਨ। ਇਤਿਹਾਸਕਾਰ ਲਿਖਦੇ ਹਨ ਕਿ ਅਜਿਹਾ ਬਹੁਤ ਸਾਰੇ ਪਰਿਵਾਰਾਂ ਨਾਲ ਹੋਇਆ ਜੋ ਯਰੂਸ਼ਲਮ ਸ਼ਹਿਰ ਦੇ ਆਲੇ-ਦੁਆਲੇ ਬਹੁਤ ਦਿਨਾਂ ਤੋਂ ਰਹਿ ਰਹੇ ਸਨ ਅਤੇ ਉਨ੍ਹਾਂ ਨੂੰ ਘਰ ਵਾਪਸ ਜਾਣ ਲਈ ਭੋਜਨ ਅਤੇ ਪੈਸੇ ਦੀ ਲੋੜ ਸੀ।

ਪ੍ਰਭੂ ਦੇ ਕੰਮ ਲਈ ਚੰਦਾ ਦੇਣ ਦੀ ਇਕ ਹੋਰ ਨਵੀਂ ਗੁਪਤ ਗੱਲ ਦਾ ਪਤਾ ਲਗਦਾ ਹੈ ਕਿ ਹੁਣ ਦਸੌਂਧ ਦਾ ਕੋਈ ਜ਼ਿਕਰ ਨਹੀਂ ਸੀ। ਦਸੌਂਧ ਸ਼ਰ੍ਹਾ ਦਿੱਤੇ ਜਾਣ ਤੋਂ ਪਹਿਲਾਂ ਤੋਂ ਹੀ ਦਿੱਤਾ ਜਾਂਦਾ ਸੀ (ਇਬਰਾਨੀਆਂ 7:1-4)। ਮਸੀਹ ਦੀ ਇੰਜੀਲ 'ਚ ਦਸੌਂਧ ਬਾਰੇ ਕਿਸੇ ਹੋਰ ਸਿੱਖਿਆ ਦੀ ਘਾਟ ਤੋਂ ਇਹ ਸੰਕੇਤ ਮਿਲਦਾ ਹੈ ਕਿ ਉਨ੍ਹਾਂ ਦੇ ਚੰਦਾ ਦੇਣ ਦਾ ਤਰੀਕਾ ਬਦਲ ਗਿਆ ਸੀ। ਨਵੀਂ ਸ਼ਰ੍ਹਾ ਦੇ ਅਧੀਨ ਚੰਦਾ ਆਦਮੀ ਦੀ ਆਮਦਨੀ ਮੁਤਾਬਕ (1 ਕੁਰਿੰਥੀਆਂ 16:2), ਭਾਵ ਜਿੰਨਾ ਉਹਦੇ ਕੋਲ ਹੋਵੇ ਓਸੇ ਮੁਤਾਬਕ ਦਿੱਤਾ ਜਾਣਾ ਸੀ (2 ਕੁਰਿੰਥੀਆਂ 8:14, 15)। ਦਾਨ ਖੁੱਲ੍ਹ ਦਿਲੀ ਨਾਲ ਮਕਸਦ ਨਾਲ ਅਤੇ ਖ਼ੁਸ਼ੀ ਵਾਸਤੇ ਦਿੱਤੇ ਜਾਂਦੇ ਸਨ (2 ਕੁਰਿੰਥੀਆਂ 9:6, 7)।

## ''ਰੋਟੀ ਤੋੜਨਾ''

ਖ਼ੁਦਾ ਦੀ ਪ੍ਰੇਰਣਾ ਨਾਲ ਸਲੀਬ ਯਿਸੂ ਦੀ ਮੌਤ ਦੇ ਸਨਮਾਨ ਵਿਚ ਰੋਟੀ ਤੋੜਨਾ ਬੰਦਗੀ ਦੇ ਬਦਲੇ ਹੋਏ ਤਰੀਕੇ 'ਚ ਇਕ ਖਾਸ ਯਾਦਗਾਰੀ ਭੋਜ ਸੀ। ਇਹ ਭੋਜ ਪ੍ਰਭੂ ਦੀ ਮੌਤ ਦੀ ਯਾਦ ਵਿਚ ਸੀ (1 ਕੁਰਿੰਥੀਆਂ 11:26) ਅਤੇ ਪ੍ਰਭੂ ਵੱਲੋਂ ਆਪਣੇ ਫੜਵਾਏ ਜਾਣ ਵਾਲੀ ਰਾਤ ਭੋਜ ਦੌਰਾਨ ਦਿੱਤੀਆਂ ਗਈਆਂ ਹਦਾਇਤਾਂ ਮੁਤਾਬਕ ਖਾਇਆ ਜਾਣਾ ਸੀ (ਮੱਤੀ 26:26-29; ਲੂਕਾ 22:17-20)। ਕਿਉਂਕਿ ਇਸ ਭੋਜ ਵਿਚ ਵਿਸ਼ਵਾਸੀ ਮਸੀਹੀ ਲੋਕਾਂ ਨਾਲ ਸੰਗਤੀ ਅਤੇ ਖਾਣ ਲਈ ਉਹਨੇ ਆਪ ਸ਼ਰੀਕ ਹੋਣਾ ਸੀ (ਲੂਕਾ 22:29, 30)। ਇਹ ਸਾਂਝ (1 ਕੁਰਿੰਥੀਆਂ 10:16) ਮੰਡਲੀਆਂ ਦੀਆਂ ਸਭਾਵਾਂ 'ਚ ਕੀਤੀ ਜਾਣੀ ਸੀ ਅਤੇ ਆਮ ਖਾਧੇ ਜਾਣ ਵਾਲੇ ਭੋਜਨ ਦਾ ਹਿੱਸਾ ਨਹੀਂ ਹੋਣਾ ਸੀ (1 ਕੁਰਿੰਥੀਆਂ 11:20-22, 33, 34)।

ਇਹ ਯਾਦਗਾਰੀ ਭੋਜ ਮਸੀਹੀ ਲੋਕਾਂ ਨੂੰ ਯਾਦ ਦੁਆਉਣ ਲਈ ਸੀ ਕਿ ਯਿਸੂ ਨੇ ਦੁਨੀਆਂ ਦੇ ਪਾਪਾਂ ਲਈ ਆਪਣੀ ਦੇਹ ਅਤੇ ਲਹੂ ਦੇ ਦਿੱਤਾ, ਨਵੇਂ ਨੇਮ ਦੇ ਮਸੀਹੀ ਇਸ ਨੂੰ ਹਫ਼ਤੇ ਦੇ ਪਹਿਲੇ ਦਿਨ ਭਾਵ ਐਤਵਾਰ (ਜਾਂ ਪ੍ਰਭੂਵਾਰ) ਮਨਾਉਂਦੇ ਸਨ (ਰਸੂਲਾਂ ਦੇ ਕੰਮ 20:7)। ਮੁਢਲੀਆਂ ਕਲੀਸੀਆਵਾਂ ਲਈ ਐਤਵਾਰ ਦੀਆਂ ਬੰਦਗੀਆਂ ਆਮ ਗੱਲ ਸੀ। ਪੋਲੁਸ ਨੇ ਲੋੜਵੰਦਾਂ ਦੀ ਮਦਦ ਲਈ ਚੰਦਾ ਜਮ੍ਹਾ ਕਰਨ ਦੀ ਹਮਾਇਤ ਦਿੰਦਿਆਂ ਕਿਹਾ ਕਿ ਇਹ ਓਸੇ ਦਿਨ ਹੋ ਸਕਦਾ ਹੈ ਜਿਸ ਦਿਨ ਪਹਿਲਾਂ ਤੋਂ ਹੀ ਇਕੱਠੇ ਹੁੰਦੇ ਹਨ (1 ਕੁਰਿੰਥੀਆਂ 16:2)। ਪੌਲੁਸ ਮਸੀਹੀ ਲੋਕਾਂ ਨੂੰ ਹਫ਼ਤੇ ਦੇ ਪਹਿਲੇ ਦਿਨ ਮੰਡਲੀਆਂ ਨੂੰ ਇਕੱਠੇ ਹੋਣਾ ਸ਼ੁਰੂ ਕਰਨ ਲਈ ਨਹੀਂ, ਸਗੋਂ ਇਹ ਆਖ ਰਿਹਾ ਸੀ ਕਿ ਜਦ ਉਹ ਹਫ਼ਤੇ ਦੇ ਪਹਿਲੇ ਦਿਨ ਇਕੱਠੇ ਹੋਣ ਤਾਂ ਉਸ ਵਕਤ ਚੰਦਾ ਇਕੱਠਾ ਕਰਕੇ ਪਾਸੇ ਰੱਖਦੇ ਰਹਿਣ।

ਪਹਿਲੇ ਦਿਨ ਦੀਆਂ ਇਹ ਬੰਦਗੀਆਂ ਬਹੁਤ ਮਹੱਤਵਪੂਰਣ ਹਨ। ਯਹੂਦੀ ਲੋਕ ਸ਼ਰ੍ਹਾ ਮੁਤਾਬਕ ਸਤਵੇਂ ਦਿਨ ਯਾਨੀ ਸੱਬਤ ਵਾਲੇ ਦਿਨ ਇਕੱਠੇ ਹੋਣ ਦੇ ਆਦੀ ਸਨ। ਯਹੂਦੀਆਂ ਵਿੱਚੋਂ ਨਵੇਂ ਬਣੇ ਮਸੀਹੀ ਐਤਵਾਰ ਯਾਨੀ ਪਹਿਲੇ ਦਿਨ ਖ਼ਾਸ ਬੰਦਗੀ ਕਰਦੇ ਸਨ। ਯਿਸੂ ਨੇ

ਬਪਤਿਸਮਾ ਲੈਣ ਵਾਲੇ ਵਿਸ਼ਵਾਸੀ ਰਸੂਲਾਂ ਨੂੰ ਹੁਕਮ ਦਿੱਤਾ ਸੀ ਕਿ ''ਉਨ੍ਹਾਂ ਨੂੰ ਸਿਖਾਓ ਕਿ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਣਾ ਕਰਨ'' (ਮੱਤੀ 28:20)। ਜੇ ਰਸੂਲਾਂ ਨੇ ਨਵੇਂ ਬਣੇ ਮਸੀਹੀ ਲੋਕਾਂ ਨੂੰ ਯਿਸੂ ਦੇ ਸਨਮਾਨ 'ਚ ਹਫ਼ਤੇ ਦੇ ਪਹਿਲੇ ਦਿਨ ਇਕੱਠੇ ਹੋਣਾ ਸਿਖਾਇਆ ਸੀ ਤਾਂ ਇਹ ਜ਼ਰੂਰ ਉਸ ਹੁਕਮ ਦਾ ਸਿੱਧਾ ਅਸਰ ਹੋਵੇਗਾ ਜੋ ਯਿਸੂ ਨੇ ਉਨ੍ਹਾਂ ਨੂੰ ਦਿੱਤਾ ਸੀ। ਬਾਈਬਲ ਦੇ ਵਿਦਿਆਰਥੀ ਇਸ ਤੋਂ ਵਧੀਆ ਹੋਰ ਨਿਚੋੜ ਨਹੀਂ ਕੱਢ ਸਕਦੇ ਕਿ ਖ਼ੁਦਾ ਦੀ ਬੰਦਗੀ ਲਈ ਹਫ਼ਤੇ ਦੇ ਪਹਿਲੇ ਦਿਨ ਦੀਆਂ ਸੰਗਤੀਆਂ, ਜਿਨ੍ਹਾਂ 'ਚ ਪ੍ਰਭੂ ਭੋਜ ਲੈਣਾ ਵੀ ਸ਼ਾਮਿਲ ਹੈ, ਇਸ ਕਰਕੇ ਸ਼ੁਰੂ ਹੋਈਆਂ ਕਿਉਂਕਿ ਯਿਸੂ ਨੇ ਉਨ੍ਹਾਂ ਨੂੰ ਸ਼ੁਰੂ ਕਰਨ ਦਾ ਹੁਕਮ ਕੀਤਾ ਸੀ। ਰਸੂਲ ਉਹੀ ਸਿਖਾਉਂਦੇ ਰਹੇ ਜੋ ਯਿਸੂ ਨੇ ਹੁਕਮ ਦਿੱਤਾ ਸੀ ਅਤੇ ਨਵੇਂ ਬਣਨ ਵਾਲੇ ਮਸੀਹੀ ਰਸੂਲਾਂ ਦੀ ਸਿੱਖਿਆ ਨੂੰ ਮੰਨਦੇ ਰਹੇ।

### "ਦੁਆ"

ਇਨ੍ਹਾਂ ਨਾਟਕੀ ਤਬਦੀਲੀਆਂ ਦੇ ਇਲਾਵਾ ਦੁਆਵਾਂ ਵੀ ਬਦਲ ਗਈਆਂ ਅਤੇ ਫ਼ਰਕ ਢੰਗ ਨਾਲ ਕੀਤੀਆਂ ਜਾਣ ਲੱਗੀਆ ਸਨ, ਭਾਵ ਪੈਂਟੀਕਾਸਟ ਵਾਲੇ ਇਸ ਦਿਨ ਤੋਂ ਪਹਿਲਾਂ ਇਹ ਮਸੀਹੀ ਯਹੋਵਾਹ ਖ਼ੁਦਾ ਅੱਗੇ ਦੁਆ ਕਰਦੇ ਸਨ; ਪਰ ਹੁਣ ਉਹ ਯਹੋਵਾਹ ਖ਼ੁਦਾ ਅੱਗੇ ਵਿਚੋਲੇ ਯਿਸੂ ਮਸੀਹ ਦੇ ਰਾਹੀਂ ਦੁਆ ਕਰਨ ਲੱਗੇ ਸਨ (ਕੁਲੁੱਸੀਆਂ 3:17; ਰੋਮੀਆਂ 1:8, 9; 1 ਤਿਮੋਥਿਉਸ 2:5)। ਪਹਿਲਾਂ ਇਹ ਯਹੂਦੀ ਪਿਤਾ ਨੂੰ ਬੜੇ ਆਦਰ ਨਾਲ ਮੁਖ਼ਾਤਬ ਹੁੰਦੇ ਸਨ, ਪਰ ਹੁਣ ਉਹ ਪਿਤਾ ਨੂੰ ਓਸੇ ਆਦਰ ਨਾਲ ਪੁਤੱਰ ਦੇ ਰਾਹੀ ਮੁਖ਼ਾਤਬ ਹੁੰਦੇ ਸਨ।

ਰਸੂਲਾਂ ਦੀ ਸਿੱਖਿਆ, ਸੰਗਤੀ, ਰੋਟੀ ਤੋੜਨਾ ਅਤੇ ਦੁਆਵਾਂ ਸਭ ਉਹ ਬਦਲਾਅ ਸਨ ਜੋ ਰਸੂਲਾਂ ਦੇ ਕੰਮ 2 'ਚ ਪੈਂਟੀਕਾਸਟ ਵਾਲੇ ਦਿਨ ਨਵੀਂ ਖ਼ੁਸ਼ਖਬਰੀ ਸੁਣਾਓਣ ਨਾਲ ਆਏ ਸਨ।

## ਇਕ ਨਵੀਂ ਬੰਦਗੀ ਦਾ ਅਨੁਭਵ

ਯੂਹੰਨਾ 4:21-24 'ਚ ਯਿਸੂ ਨੇ ਖੂਹ ਤੇ ਸਾਮਰੀ ਔਰਤ ਨਾਲ ਵਾਅਦਾ ਕੀਤਾ ਸੀ ਕਿ ਹੁਣ ਬੰਦਗੀ ਦਾ ਅਧਾਰ ਇਹ ਨਹੀਂ ਹੋਵੇਗਾ ਕਿ ਕੋਈ ਯਰੂਸ਼ਲਮ 'ਚ ਕਰਦਾ ਹੈ ਜਾਂ ਸਾਮਰੀਆ ਦੀਆਂ ਪਹਾੜੀਆਂ 'ਚ; ਸਗੋਂ ਸੱਚੀ ਬੰਦਗੀ ਦਾ ਇਹ ਅਧਾਰ ਹੋਣਾ ਸੀ ਕਿ ਇਹ ''ਆਤਮਾ ਅਤੇ ਸੱਚਾਈ'' ਨਾਲ ਕੀਤੀ ਜਾਵੇਗੀ। ਸਾਮਰੀ ਲੋਕ ਉਨ੍ਹਾਂ ਬਾਗ਼ੀਆਂ ਦੀ ਸੰਤਾਨ ਸਨ ਜਿਨ੍ਹਾਂ ਨੇ ਇਸਰਾਏਲ ਰਾਜ ਦੀ ਵੰਡ ਸਮੇਂ ਯਾਰਾਬੁਆਮ ਦਾ ਸਾਥ ਦਿੱਤਾ ਸੀ (1 ਰਾਜਿਆਂ 12; 13)। ਉਨ੍ਹਾਂ ਦਾ ਦਾਅਵਾ ਸੀ ਕਿ ਅਬਰਾਹਾਮ ਦੀ ਸੰਤਾਨ ਯਰੂਸ਼ਲਮ ਜਾਏ ਬਗ਼ੈਰ ਹੀ ਸਾਮਰੀਆ ਦੇ ਪਹਾੜਾਂ 'ਚ ਬੰਦਗੀ ਕਰ ਸਕਦੀ ਹੈ। ਵਫ਼ਾਦਾਰ ਇਸਰਾਏਲੀ ਯਰੂਸ਼ਲਮ 'ਚ ਹੀ ਪਸਾਹ ਦਾ ਪਰਬ ਮਨਾਉਂਦੇ ਰਹੇ, ਪਰ ਯਾਰਾਬੁਆਮ ਨੇ ਪਸਾਹ ਦੇ ਮੁਕਾਬਲੇ ਇਕ ਹੋਰ ਪਰਬ ਸ਼ੁਰੂ ਕਰ ਦਿੱਤਾ ਤਾਂ ਜੋ ਉਹਦੇ ਪੈਰੋਕਾਰ ਯਰੂਸ਼ਲਮ ਜਾ ਕੇ ਰਹਬੁਆਮ ਦੀ ਸੇਵਾ ਨਾ ਕਰ ਸਕਣ (1 ਰਾਜਿਆਂ 12:26-33) ।

ਸਾਮਰੀ ਔਰਤ ਨਾਲ ਗੱਲ ਕਰਦਿਆਂ, ਯਿਸੂ ਨੇ ਸਦੀਆਂ ਪੁਰਾਣੇ ਝਗੜਿਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਅਤੇ ਐਲਾਨ ਕੀਤਾ ਕਿ ਛੇਤੀ ਹੀ ਖ਼ੁਦਾ ਦੀ ਬੰਦਗੀ ਦਾ ਤਰੀਕਾ ਬਦਲ ਜਾਵੇਗਾ ਕਿਉਂਕਿ ਲੋਕ ਆਤਮਾ ਨਾਲ ਬੰਦਗੀ ਕਰਨ ਲੱਗ ਪੈਣਗੇ। ''ਆਤਮਾ ਨਾਲ'' ਬੰਦਗੀ ਕਰਨ

ਤੋਂ ਭਾਵ ਬੰਦਗੀ ਕਰਨ ਵਾਲੇ ਦੇ ਮਨ ਦੇ ਇਰਾਦਿਆਂ ਅਤੇ ਮਕਸਦਾਂ ਤੋਂ ਹੈ। ''ਸੱਚਾਈ ਨਾਲ'' ਬੰਦਗੀ ਕਰਨ ਵਾਲੇ ਦੇ ਕੰਮ ਸੱਚਾਈ ਭਾਵ ਖ਼ੁਦਾ ਦੇ ਵਚਨ ਦੇ ਮੁਤਾਬਕ ਹੋਣੇ ਚਾਹੀਦੇ ਹਨ। ਦਿਖਾਵਟੀ ਰਵਾਇਤਾਂ ਨਾਲ ਕੀਤੀ ਗਈ ਬੰਦਗੀ ਖ਼ੁਦਾ ਨੂੰ ਨਾਮਨਜ਼ੂਰ ਹੈ। ਬੰਦਗੀ ਦੀਆਂ ਉਹ ਗੱਲਾਂ ਜਿਨ੍ਹਾਂ ਦਾ ਹੁਕਮ ਖ਼ੁਦਾ ਨੇ ਨਹੀਂ ਦਿੱਤਾ, ਮੰਜ਼ੂਰ ਨਹੀਂ ਹਨ।

ਸੱਚਾਈ ਨਾਲ ਬੰਦਗੀ ਦੀਆਂ ਕਈ ਖੂਬੀਆਂ ਹਨ। ਪਹਿਲੀ ਗੱਲ, ਸੱਚੀ ਬੰਦਗੀ *ਅੰਦਰੂਨੀ* ਹੈ। ਭਾਵੇਂ ਇਸ ਵਿਚ ਬੰਦਗੀ ਕਰਨ ਵਾਲਿਆਂ ਦੇ ਮਨਾਂ ਦੇ ਬਾਹਰੀ ਕਾਰਜ ਸ਼ਾਮਿਲ ਹਨ, ਪਰ ਸੱਚੀ ਲਗਨ ਅਤੇ ਵਡਿਆਈ ਹਰ ਬੰਦਗੀ ਕਰਨ ਵਾਲੇ ਦੇ ਦਿਲੋਂ ਨਿੱਕਲਣੀ ਜ਼ਰੂਰੀ ਹੈ।

ਦੂਜਾ, ਸੱਚੀ ਬੰਦਗੀ *ਬਾ-ਮਕਸਦ* ਹੈ। ਇਹ ਬੰਦਗੀ ਕਿਸੇ ਮਕਸਦ ਨਾਲ ਕੀਤੀ ਜਾਂਦੀ ਹੈ। ਬਿਨਾ ਜਾਣੇ ਅਤੇ ਸਮਝੇ ਬੰਦਗੀ ਨਹੀਂ ਕੀਤੀ ਜਾ ਸਕਦੀ। ਸਿਰਫ਼ ਸਰੀਰਕ ਹਾਅ-ਭਾਅ ਨਾਲ ਹੀ ਬੰਦਗੀ ਨਹੀਂ ਹੋ ਸਕਦੀ ਭਾਵ ਬੰਦਗੀ ਕਰਨ ਲਈ ਪੂਰੀ ਤਿਆਰੀ ਜ਼ਰੂਰੀ ਹੈ।

ਤੀਜਾ, ਬੰਦਗੀ *ਅੱਵਲ* ਹੈ। ਬੰਦਗੀ ਦੂਜੇ ਬੰਦਗੀ ਕਰਨ ਵਾਲਿਆਂ ਲਈ ਜਾਂ ਉਨ੍ਹਾਂ ਤੇ ਨਿਰਭਰ ਹੋ ਕੇ ਨਹੀਂ ਹੁੰਦੀ। ਸੱਚੀ ਬੰਦਗੀ ਲੋਕਾਂ ਤੋਂ ਤਾਰੀਫ਼ ਕਰਾਉਣ ਜਾਂ ਉਨ੍ਹਾਂ ਦੀ ਵਾਹ-ਵਾਹ ਲੈਣ ਲਈ ਨਹੀਂ ਸਗੋਂ ਖ਼ੁਦਾ ਦੀ ਤਾਰੀਫ਼ ਅਤੇ ਵਡਿਆਈ ਲਈ ਹੁੰਦੀ ਹੈ। ਦੂਜਿਆਂ ਦੇ ਫ਼ਾਇਦੇ ਲਈ ਐਕਟਿੰਗ ਕਰਨਾ ਪ੍ਰਭੂ ਦੀ ਬੰਦਗੀ ਨਾਲ ਮੇਲ ਨਹੀਂ ਖਾਂਦਾ। ਜਦ ਕੋਈ ਵਚਨ ਸਿਖਾਉਂਦਾ ਜਾਂ ਗੀਤ ਗਾਉਂਦਾ ਹੈ ਤਾਂ ਸੁਣਨ ਵਾਲਿਆਂ ਨੂੰ ਕੁਝ ਲਾਭ ਹੁੰਦਾ ਹੈ; ਪਰ ਨਾਲ ਹੀ ਮਸੀਹੀ ਲੋਕ ਜ਼ਬੂਰ,ਭਜਨ ਅਤੇ ਆਤਮਿਕ ਗੀਤ ਗਾ ਕੇ ''ਇਕ ਦੂਜੇ ਨਾਲ ਗੱਲਾਂ ਕਰਦੇ ਹੋਏ'' ਆਪੋ ਆਪਣੇ ਮਨ 'ਚ ''ਧੰਨਵਾਦ ਨਾਲ ਖ਼ੁਦਾ ਲਈ'' ਭਜਨ ਗਾ ਰਹੇ ਹੁੰਦੇ ਹਨ (ਕੁਲੁੱਸੀਆਂ 3:16; ਅਫ਼ਸੀਆਂ 5:19)। ਬੰਦਗੀ ਸਿਰਫ਼ ਖ਼ੁਦਾ ਦੀ ਹੀ ਹੋ ਸਕਦੀ ਹੈ।

ਚੌਥਾ, ਸੱਚੀ ਬੰਦਗੀ *ਥੋੜ੍ਹੀ ਦੇਰ ਲਈ* ਹੈ। ਬੰਦਗੀ ਖ਼ੁਦਾ ਦੀਆਂ ਇਛਾਵਾਂ ਦੇ ਜਵਾਬ 'ਚ ਆਪਣੇ ਵਿਹਾਰ ਨੂੰ ਵਿਖਾਉਂਦੀ ਹੈ। ਕੋਈ ਆਦਮੀ ਕਿਤੇ ਵੀ ਕਿਸੇ ਵੀ ਸਮੇਂ ਕਈ ਤਰ੍ਹਾਂ ਨਾਲ ਬੰਦਗੀ ਕਰ ਸਕਦਾ ਹੈ। ਰਸੂਲਾਂ ਦੇ ਕੰਮ ਵਿਚ ਦੁਆ ਅਤੇ ਗੀਤ ਗਾਉਣਾ ਕਈ ਮੌਕਿਆਂ ਤੇ ਹੋਇਆ ਹੈ ਪਰ ਉਨ੍ਹਾਂ 'ਚ ਇਕਾਂਤ ਥਾਵਾਂ ਵੀ ਸਨ ਅਤੇ ਜਨਤਕ ਥਾਵਾਂ ਵੀ, ਜੋ ਕਿਸੇ ਦੀ ਮਨ ਦੀ ਹਲੀਮੀ ਤੇ ਨਿਰਭਰ ਸੀ। ਬੰਦਗੀ ਥੋੜ੍ਹੀ ਦੇਰ ਦੀ ਹੈ ਅਤੇ ਉਨ੍ਹਾਂ ਕੰਮਾਂ ਤਕ ਸੀਮਿਤ ਹੈ ਜੋ ਆਦਮੀ ਬਾ-ਮਕਸਦ ਖ਼ੁਦਾ ਦੇ ਵਚਨ ਦੇ ਜਵਾਬ ਵਿਚ ਉਹਦੇ ਲਈ ਕਰਦਾ ਹੈ। ਇਸ ਕਰਕੇ ਸੱਚੀ ਬੰਦਗੀ ਬੇਕਾਰ ਨਹੀਂ ਹੈ (ਮਰਕੁਸ 7:7)। ਇਹ ਅਗਿਆਨਤਾ ਨਹੀਂ ਹੈ (ਰਸੂਲਾਂ ਦੇ ਕੰਮ 17:23) ਅਤੇ ਮਨੁੱਖ ਦੀ ਇੱਛਾ ਅਤੇ ਫ਼ੈਸਲਿਆਂ ਮੁਤਾਬਕ ਨਹੀਂ ਕੀਤੀ ਜਾਂਦੀ (ਕੁਲੁੱਸੀਆਂ 2:20-23)।

## ਸਾਰ

ਹੁਣ ਖ਼ੁਦਾ ਦੀ ਬੰਦਗੀ ਹਰ ਥਾਂ ਰਹਿਣ ਵਾਲੇ ਸਭ ਮਸੀਹੀ ਲੋਕਾਂ ਲਈ ਮਿਲੇ ਮੌਕੇ ਵਾਂਗ ਹੈ। ਇਹ ਕਿਸੇ ਖ਼ਾਸ ਦੇਸ਼ ਜਾਂ ਕਿਸੇ ਖ਼ਾਸ ਯਾਜਕਾਈ ਤਕ ਹੀ ਸੀਮਤ ਨਹੀਂ ਹੈ। ਹਰ ਮਸੀਹੀ ਨੂੰ ਯਾਜਕ ਦਾ ਅਹੁਦਾ ਦਿੱਤਾ ਗਿਆ ਹੈ, ਤਾਂ ਜੋ ਉਹ ਖ਼ੁਦਾ ਦੀ ਕਬੂਲੇ ਜਾਣ ਯੋਗ ਬੰਦਗੀ ਕਰ ਸਕੇ (1 ਪਤਰਸ 2:5, 9-11)। ਭਾਵੇਂ ਬੰਦਗੀ 'ਚ ਕੀਤੇ ਜਾਣ ਵਾਲੇ ਕੰਮ (ਪ੍ਰਭੂ ਭੋਜ, ਦੁਆ, ਗੀਤ ਗਾਉਣਾ, ਵਚਨ ਸੁਣਨਾ ਅਤੇ ਚੰਦਾ ਦੇਣਾ) ਸੰਤਾਂ ਦੀਆਂ ਸਭਾਵਾਂ 'ਚ ਕੀਤੇ ਜਾਣੇ ਜ਼ਰੂਰੀ ਹਨ, ਪਰ ਇਨ੍ਹਾਂ ਵਿੱਚੋਂ ਕੁਝ ਕੰਮ ਹਨ ਜੋ ਕਿਤੇ ਵੀ ਅਤੇ ਕਦੇ ਵੀ ਕੀਤੇ ਜਾ ਸਕਦੇ ਹਨ।

ਇਕ ਅਪਵਾਦ ਪ੍ਰਭੂ ਭੋਜ ਹੈ ਜੋ ਹਫ਼ਤੇ ਦੇ ਪਹਿਲੇ ਦਿਨ ਦੇ ਇਲਾਵਾ ਹੋਰ ਕਿਸੇ ਦਿਨ ਨਹੀਂ ਖਾਧਾ ਜਾਂਦਾ ਸੀ। ਰਸੂਲਾਂ ਦੇ ਕੰਮ ਦੀ ਪੂਰੀ ਕਿਤਾਬ ਵਿਚ ਗੀਤ ਗਾਉਣਾ, ਦੁਆ ਕਰਨਾ, ਵਚਨ ਸੁਣਨਾ ਅਤੇ ਚੰਦਾ ਦੇਣਾ ਹਫ਼ਤੇ ਦੇ ਪਹਿਲੇ ਦਿਨ ਦੇ ਇਲਾਵਾ ਦੂਜੇ ਦਿਨਾਂ 'ਚ ਵੀ ਹੁੰਦਾ ਸੀ। ਇਕ ਕਰਕੇ ਅਸੀਂ ਇਸ ਕਿਤਾਬ ਤੋਂ ਨਿਚੋੜ ਕੱਢਦੇ ਹਾਂ ਕਿ ਪ੍ਰਭੂ-ਭੋਜ ਕਿਸੇ ਵੀ ਹੋਰ ਦਿਨ ਖਾਣਾ ਖ਼ੁਦਾ ਨੂੰ ਮੰਜ਼ੂਰ ਨਹੀਂ ਹੈ। ਪ੍ਰਭੂ ਕਿਸੇ ਹੋਰ ਦਿਨ ਜ਼ਿੰਦਾ ਨਹੀਂ ਹੋਇਆ ਸੀ ਅਤੇ ਨਾ ਹੀ ਕੋਈ ਹੋਰ ਦਿਨ ਉਹਦੀ ਮੌਤ ਦੀ ਖ਼ਾਸ ਯਾਦਗਾਰੀ ਲਈ ਠਹਿਰਾਇਆ ਗਿਆ ਸੀ।

ਪ੍ਰਭੂ ਦਾ ਦਿਨ ਖ਼ਾਸ ਸ਼ਰਧਾਂਜਲੀ ਅਤੇ ਯਾਦਗਾਰੀ ਦਾ ਦਿਨ ਹੈ (ਪ੍ਰਕਾਸ਼ ਦੀ ਪੋਥੀ 1:10)। ਪੂਰੇ ਸੱਤ ਦਿਨ ਸਾਨੂੰ ਮਸੀਹ ਅਤੇ ਉਹਦੇ ਕੁਰਬਾਨੀ ਨਾਲ ਆਪਣੇ ਪਾਪਾਂ ਦੀ ਮਾਫ਼ੀ ਨੂੰ ਚੇਤੇ ਰੱਖਣ ਦਾ ਸ਼ਾਨਦਾਰ ਮੌਕਾ ਮਿਲਿਆ ਹੈ।

ਬੰਦਗੀ ਖ਼ੁਦਾ ਦੀ ਹੀ ਹੋਣੀ ਚਾਹੀਦੀ ਹੈ, ਇਸ ਕਰਕੇ। ਇਸ ਗੱਲ ਦਾ ਸਹੀ ਚੋਣ ਕਰਨ ਦਾ ਇਖ਼ਤਿਆਰ ਓਸੇ ਨੂੰ ਹੀ ਹੈ ਕਿ ਉਹਦੀ ਵਡਿਆਈ ਲਈ ਮਨੁੱਖਾਂ ਨੂੰ ਕੀ ਕਰਨਾ ਚਾਹੀਦਾ ਹੈ। ਲੋਕਾਂ ਵੱਲੋਂ ਬੰਦਗੀ ਲਈ ਆਪਣੇ ਹੀ ਨਿਯਮ ਬਣਾਉਣਾ ਕਿੰਨੇ ਘਮੰਡ ਦੀ ਗੱਲ ਹੈ। ਅਕਸਰ ਲੋਕ ਖ਼ੁਦਾ ਦੇ ਵਚਨ ਦੀ ਸਪਸ਼ਟ ਸਿੱਖਿਆ ਦੇ ਉਲਟ ਉਹੀ ਕਰਨਾ ਪਸੰਦ ਹੈ ਜੋ ਉਨ੍ਹਾ ਨੂੰ ਚੰਗਾ ਲਗਦਾ ਹੈ।

ਰਸੂਲਾਂ ਦੇ ਕੰਮ ਕਿਤਾਬ ਵਿਚ ਯਹੂਦੀ ਪਿਛੋਕੜ ਤੋਂ ਆਉਣ ਵਾਲੇ, ਨਵੇਂ ਮਸੀਹੀ ਲੋਕਾਂ ਨੇ ਖ਼ੁਦਾ ਦੀਆਂ ਨਵੀਆਂ ਹਦਾਇਤਾਂ ਨੂੰ ਖ਼ੁਸ਼ੀ ਨਾਲ ਮੰਨ ਲਿਆ। ਇਸ ਕਿਤਾਬ 'ਚ ਇਨ੍ਹਾਂ ਲੋਕਾਂ ਵੱਲੋਂ ਆਪਣੀਆਂ ਜ਼ਿੰਦਗੀਆਂ 'ਚ ਲਿਆਂਦੀਆਂ ਗਈਆਂ ਜ਼ਬਰਦਸਤ ਤਬਦੀਲੀਆਂ ਦਾ ਇਤਿਹਾਸ ਅੱਜ ਦੇ ਲੋਕਾਂ ਲਈ ਉਨ੍ਹਾਂ ਦੀਆਂ ਉਦਾਹਰਣਾਂ ਵਿਚਾਰਨ ਅਤੇ ਆਦਰ ਦੇ ਯੋਗ ਹਨ।

© 2009 Truth for Today